Smt. Nirmala w/o Sh. Charanjeet R/o House no. 583/25 New no. 3 Patel Nagar, Near Circular Road Rohtak -124001 is owner & in possession of Property/House no. 583/25 New no. 3 measuring 92 sq. yrds. having PID old no. 123C3U478 new no. 1HFW51G4, Ward no. 11, situated at Patel Nagar, Near Circular Road Rohtak, Haryana vide Transfer Deed no. 16532 dated 28.03.2018 executed by 1. Anil 2. Jitender 3. Monika 4. Meenu (Legal heirs of Charanjeet) in favour of Smt. Nirmala (LR) w/o Sh. Charanjeet, lost her previous Sale Deed no. 452 dated 14.05.1973 in favour of Sh. Charanjeet s/o Sh. Bhagwan Singh, regarding the property situated at Patel Nagar, Near Circular Road Rohtak, Haryana between in Rohtak City and if any person/Financial institution has found /information /Possession/ Knowledge for above said documents shall submit/intimate within 15 day to Sh. M. L. Dhingra Advocate, Office/Shop No.13 Near Ram Panwari Chhotu Ram Chowk Rohtak or Chamber No.148 Distt. Court Complex Rohtak M.No.9416380702. Thereafter any kind of claim will not be accepted.

**Corrigendum**

**In our newspaper on dated 06.10.2026 in the advertisement of HARMOHINDER SINGH, Advocate Chamber No.1023, Ludhiana the Date of deed wrongly mentioned as 16.01.2002. Whereas correct date of deed is 16.10.2002. Please read deed dated as 16.10.2002. concerned note please**

## Indian Overseas Bank — Branch: Gujjarwal

**PUBLIC NOTICE (FOR BREAK OPENING OF LOCKER)**

Notice is hereby given to the person concerned and public in general that the person named under this notice have availed the facility of safe deposit lockers at the above-mentioned branch of Indian Overseas Bank. The respective branch has already addressed notices/reminder letters by registered post with acknowledgement due (AD) to locker hirers at the address available as per our Bank records with a request to remit the arrears of Locker rent. The said letters were*returned /unaccepted. Despite of these notices, the locker hirers have not contacted the Branch and have not remitted the locker rent arrears as demanded by the bank. Below named ****Locker Hirers/legal heirs** are requested to consider this as the **BREAK OPEN NOTICE** and contact the Branch concerned with necessary documents and remit the locker rent arrears within **3 months from the date of publication** of this notice failing which the Bank will break open the locker without any further notice or intimation, at the cost and sole risk of the hirers or their legal representatives/heirs.

| S. No. | Locker Number | Locker Rent Arrears & Late Fee charges | **Locker Hirer Name |
|---|---|---|---|
| 1. | 33 | Rs. 7400+GST & other charges | **(1)** Rajinder Singh Sidhu, **(2)** Satwant Kaur Ginder, **(3)** Gursharanjit Kaur Gill, **(4)** Rajinderjit Kaur Saran |

**For Further Details Contact: The Branch Manager, Indian Overseas Bank Gujjarwal Branch, Mob: 9417535035**

Date: 31.10.2026 Place: Gujjarwal Branch Manager

# ਕਮਾਊ ਪੁੱਤਾਂ ਨੂੰ ਟਿਕਟਾਂ ਦੇ ਕੇ ਕੇਜਰੀਵਾਲ ਤੇ ਭਗਵੰਤ ਮਾਨ ਨੇ ਆਪਣਾ ਅਸਲੀ ਚਿਹਰਾ ਦਿਖਾਇਆ : ਗੁਰਦੀਪ ਸਿੰਘ ਗੋਸ਼ਾ



**ਲੁਧਿਆਣਾ, 31 ਅਕਤੂਬਰ (ਸਰਬਜੀਤ ਸੂਬੀ) :** ਆਮ ਆਦਮੀ ਪਾਰਟੀ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਉਸ ਦੀਆਂ ਕਹੀਆਂ ਗੱਲਾਂ ਅਤੇ ਕੀਤੇ ਕੰਮਾਂ ਵਿੱਚ ਜ਼ਮੀਨ-ਆਸਮਾਨ ਦਾ ਫ਼ਰਕ ਹੈ। ਜਿਹੜੇ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਲੋਕਾਂ ਨੂੰ ਨੈਤਿਕਤਾ, ਇਮਾਨਦਾਰੀ ਅਤੇ ਭ੍ਰਿਸ਼ਟਾਚਾਰ ਵਿਰੁੱਧ ਜ਼ੀਰੋ ਟਾਲਰੈਂਸ ਦਾ ਪਾਠ ਪੜ੍ਹਾਉਂਦੇ ਸਨ, ਅੱਜ ਉਹੀ ਸੰਜੀਵ ਅਰੋੜਾ ਵਰਗੇ ਵਿਵਾਦਾਂ ਵਿੱਚ ਘਿਰੇ ਆਗੂ ਨੂੰ ਟਿਕਟ ਦੇ ਕੇ ਆਪਣੀਆਂ ਨੈਤਿਕ ਕਦਰਾਂ-ਕੀਮਤਾਂ ਦੀ ਅਸਲੀਅਤ ਸਾਹਮਣੇ ਲਿਆ ਰਹੇ ਹਨ। ਭਾਜਪਾ ਆਗੂ ਗੁਰਦੀਪ ਸਿੰਘ ਗੋਸ਼ਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਆਗੂ ਕਹਿੰਦੇ ਸਨ ਕਿ ਉਹ ਕਿਸੇ ਵੀ ਦਾਗੀ ਵਿਅਕਤੀ ਨੂੰ ਟਿਕਟ ਨਹੀਂ ਦੇਣਗੇ ਅਤੇ ਰਾਜਨੀਤੀ ਵਿੱਚ ਸਾਫ਼-ਸੁਥਰੇ ਅਕਸ ਵਾਲੇ ਲੋਕਾਂ ਨੂੰ ਅੱਗੇ ਲਿਆਉਣਗੇ। ਪਰ ਅੱਜ ਉਨ੍ਹਾਂ ਦੇ ਫ਼ੈਸਲੇ ਉਨ੍ਹਾਂ ਦੇ ਆਪਣੇ ਹੀ ਬਿਆਨਾਂ 'ਤੇ ਸਵਾਲ ਖੜ੍ਹੇ ਕਰ ਰਹੇ ਹਨ। ਗੋਸ਼ਾ ਨੇ ਕਿਹਾ ਕਿ ਪੰਜਾਬ ਦੇ ਲੋਕ ਇਹ ਜਾਣਨਾ ਚਾਹੁੰਦੇ ਹਨ ਕਿ ਆਮ ਆਦਮੀ ਪਾਰਟੀ ਦੀ ਨੈਤਿਕਤਾ ਸਿਰਫ਼ ਚੋਣਾਂ ਵੇਲੇ ਭਾਸ਼ਣ ਦੇਣ ਲਈ ਸੀ? ਕੀ ਪੰਜਾਬ ਦੀ ਸੱਤਾ ਅਤੇ ਪੰਜਾਬ ਦੇ ਸਰੋਤਾਂ ਦੀ ਵਰਤੋਂ ਸਿਰਫ਼ ਪਾਰਟੀ ਦੇ ਸਿਆਸੀ ਅਤੇ ਆਰਥਿਕ ਹਿੱਤਾਂ ਲਈ ਕੀਤੀ ਜਾ ਰਹੀ ਹੈ? ਉਨ੍ਹਾਂ ਕਿਹਾ ਕਿ ਭਾਜਪਾ ਦੇ ਵਧਦੇ ਜਨ-ਸਮਰਥਨ ਅਤੇ ਪੰਜਾਬ ਵਿੱਚ ਮਜ਼ਬੂਤ ਹੁੰਦੀ ਪਕੜ ਤੋਂ ਆਮ ਆਦਮੀ ਪਾਰਟੀ ਘਬਰਾਈ ਹੋਈ ਹੈ। ਹੁਣ ਪੰਜਾਬ ਦੇ ਲੋਕ ਬਦਲਾਅ ਦੇ ਨਾਮ 'ਤੇ ਕੀਤੇ ਵਾਅਦਿਆਂ ਦਾ ਹਿਸਾਬ ਮੰਗ ਰਹੇ ਹਨ। ਆਮ ਆਦਮੀ ਪਾਰਟੀ ਨੂੰ ਸਮਝ ਆ ਗਿਆ ਹੈ ਕਿ ਪੰਜਾਬ ਵਿੱਚ ਭਾਜਪਾ ਇੱਕ ਮਜ਼ਬੂਤ ਸਿਆਸੀ ਤਾਕਤ ਵਜੋਂ ਉਭਰ ਰਹੀ ਹੈ। ਗੁਰਦੀਪ ਸਿੰਘ ਗੋਸ਼ਾ ਨੇ ਕਿਹਾ ਕਿ ਪੰਜਾਬ ਕੋਈ ਸਿਆਸੀ ਪ੍ਰਯੋਗਸ਼ਾਲਾ ਜਾਂ ਕਿਸੇ ਪਾਰਟੀ ਲਈ ਕਮਾਈ ਦਾ ਸਾਧਨ ਨਹੀਂ ਹੈ। ਪੰਜਾਬ ਦੇ ਲੋਕਾਂ ਨੂੰ ਇਮਾਨਦਾਰ, ਜਵਾਬਦੇਹ ਅਤੇ ਵਿਕਾਸ ਲਈ ਸਮਰਪਿਤ ਸਰਕਾਰ ਚਾਹੀਦੀ ਹੈ। 2027 ਵਿੱਚ ਪੰਜਾਬ ਦੀ ਜਨਤਾ ਆਮ ਆਦਮੀ ਪਾਰਟੀ ਨੂੰ ਉਸ ਦੇ ਹਰ ਵਾਅਦੇ ਅਤੇ ਹਰ ਫ਼ੈਸਲੇ ਦਾ ਜਵਾਬ ਦੇਵੇਗੀ। ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣਨ ਦਾ ਰਾਹ ਲੋਕਾਂ ਦੇ ਸਮਰਥਨ ਨਾਲ ਹੋਰ ਮਜ਼ਬੂਤ ਹੋ ਰਿਹਾ ਹੈ।

# ਏਅਰ ਮਾਰਸ਼ਲ ਆਸ਼ੂਤੋਸ਼ ਦੀਕਸ਼ਿਤ ਬਣੇ ਨਵੇਂ ਹਵਾਈ ਸੈਨਾ ਮੁਖੀ ਅਮਰ ਪ੍ਰੀਤ ਸਿੰਘ ਦੇ ਸੇਵਾਮੁਕਤ ਹੋਣ 'ਤੇ ਸੰਭਾਲਿਆ ਅਹੁਦਾ



**ਨਵੀਂ ਦਿੱਲੀ, 31 ਅਕਤੂਬਰ (ਦੇਸ਼ ਪ੍ਰਦੇਸ਼ ਬਿਊਰੋ) :** ਏਅਰ ਮਾਰਸ਼ਲ ਆਸ਼ੂਤੋਸ਼ ਦੀਕਸ਼ਿਤ ਨੇ ਅੱਜ (31 ਅਕਤੂਬਰ) ਭਾਰਤੀ ਹਵਾਈ ਸੈਨਾ ਦੇ ਨਵੇਂ ਮੁਖੀ ਵਜੋਂ ਅਹੁਦਾ ਸੰਭਾਲ ਲਿਆ ਹੈ। ਉਹ ਏਅਰ ਚੀਫ਼ ਮਾਰਸ਼ਲ ਅਮਰ ਪ੍ਰੀਤ ਸਿੰਘ ਦੀ ਥਾਂ ਲੈਣਗੇ, ਜੋ 25 ਮਹੀਨਿਆਂ ਦੇ ਕਾਰਜਕਾਲ ਤੋਂ ਬਾਅਦ ਸੇਵਾਮੁਕਤ ਹੋ ਗਏ ਹਨ। ਸੇਵਾਮੁਕਤ ਹੋ ਰਹੇ ਹਵਾਈ ਸੈਨਾ ਮੁਖੀ, ਏਅਰ ਚੀਫ਼ ਮਾਰਸ਼ਲ ਏ.ਪੀ. ਸਿੰਘ ਨੂੰ ਤਿੰਨ ਅਧਿਕਾਰਤ ਵਿਦਾਇਗੀ ਸਮਾਗਮਾਂ ਰਾਹੀਂ ਵਿਦਾਇਗੀ ਦਿੱਤੀ ਗਈ, ਜਿਨ੍ਹਾਂ ਵਿੱਚ ਇੱਕ ਦਾ ਆਯੋਜਨ ਰੱਖਿਆ ਮੰਤਰੀ ਰਾਜਨਾਥ ਸਿੰਘ ਦੁਆਰਾ ਕੀਤਾ ਗਿਆ ਸੀ। ਆਪਣੇ ਅਹੁਦੇ 'ਤੇ ਆਖਰੀ ਦਿਨ-ਸ਼ਨੀਵਾਰ ਨੂੰ-ਉਨ੍ਹਾਂ ਨੂੰ ਰਸਮੀ 'ਗਾਰਡ ਆਫ਼ ਆਨਰ' ਦੇ ਕੇ ਵਿਦਾਇਗੀ ਦਿੱਤੀ ਗਈ। ਏਅਰ ਮਾਰਸ਼ਲ ਦੀਕਸ਼ਿਤ ਨੂੰ ਭਾਰਤੀ ਹਵਾਈ ਸੈਨਾ ਵਿੱਚ ਸਵਦੇਸ਼ੀ ਜਹਾਜ਼ਾਂ ਅਤੇ ਰੱਖਿਆ ਉਪਕਰਨਾਂ ਨੂੰ ਉਤਸ਼ਾਹਿਤ ਕਰਨ ਲਈ ਕੀਤੇ ਗਏ ਯਤਨਾਂ ਲਈ ਜਾਣਿਆ ਜਾਂਦਾ ਹੈ। ਉਨ੍ਹਾਂ ਨੇ ਹਵਾਈ ਸੈਨਾ ਦੇ ਸਵਦੇਸ਼ੀ ਜਹਾਜ਼ ਪ੍ਰੋਜੈਕਟਾਂ, ਜਿਸ ਵਿੱਚ 'ਲਾਈਟ ਕੰਬੈਟ ਏਅਰਕ੍ਰਾਫਟ' ਤੇਜਸ ਸ਼ਾਮਲ ਹੈ, ਨੂੰ ਅੱਗੇ ਵਧਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਉਮੀਦ ਹੈ ਕਿ ਉਹ ਰੱਖਿਆ ਖੇਤਰ ਵਿੱਚ ਸਰਕਾਰ ਦੀ 'ਆਤਮ-ਨਿਰਭਰ' ਪਹਿਲਕਦਮੀ ਨੂੰ ਹੋਰ ਮਜ਼ਬੂਤ ਕਰਨਗੇ। ਏਅਰ ਮਾਰਸ਼ਲ ਦੀਕਸ਼ਿਤ 6 ਦਸੰਬਰ 1986 ਨੂੰ ਭਾਰਤੀ ਹਵਾਈ ਸੈਨਾ ਦੀ ਲੜਾਕੂ ਸ਼ਾਖਾ ਵਿੱਚ ਸ਼ਾਮਲ ਹੋਏ ਸਨ। ਉਹ ਨੈਸ਼ਨਲ ਡਿਫੈਂਸ ਅਕੈਡਮੀ, ਡਿਫੈਂਸ ਸਰਵਿਸਿਜ਼ ਸਟਾਫ ਕਾਲਜ (ਵੈਲਿੰਗਟਨ) ਅਤੇ ਨੈਸ਼ਨਲ ਡਿਫੈਂਸ ਕਾਲਜ ਦੇ ਸਾਬਕਾ ਵਿਦਿਆਰਥੀ ਹਨ। ਉਨ੍ਹਾਂ ਕੋਲ 3,500 ਘੰਟਿਆਂ ਤੋਂ ਵੱਧ ਉਡਾਣ ਭਰਨ ਦਾ ਤਜਰਬਾ ਹੈ। ਰੱਖਿਆ ਮੰਤਰਾਲੇ ਅਨੁਸਾਰ, ਉਨ੍ਹਾਂ ਨੇ ਆਪਣੇ ਕਰੀਅਰ ਦੌਰਾਨ ਕਈ ਮਹੱਤਵਪੂਰਨ ਸੰਚਾਲਨ ਅਤੇ ਸਟਾਫ ਅਹੁਦਿਆਂ 'ਤੇ ਕੰਮ ਕੀਤਾ ਹੈ। ਇੱਕ ਕਮਾਂਡਿੰਗ ਅਫਸਰ ਵਜੋਂ, ਉਨ੍ਹਾਂ ਨੇ 'ਨੰਬਰ 9 ਸਕੁਐਡਰਨ' ਵਿੱਚ ਮਿਰਾਜ-2000 ਲੜਾਕੂ ਜਹਾਜ਼ਾਂ ਨੂੰ ਸ਼ਾਮਲ ਕਰਨ ਦੀ ਪ੍ਰਕਿਰਿਆ ਦੀ ਨਿਗਰਾਨੀ ਕੀਤੀ ਸੀ। ਇਸ ਤੋਂ ਬਾਅਦ, ਉਨ੍ਹਾਂ ਨੇ ਪੱਛਮੀ ਖੇਤਰ ਵਿੱਚ ਇੱਕ ਫਾਰਵਰਡ ਫਾਈਟਰ ਏਅਰਬੇਸ ਅਤੇ ਦੱਖਣੀ ਖੇਤਰ ਵਿੱਚ ਇੱਕ ਪ੍ਰਮੁੱਖ ਲੜਾਕੂ ਸਿਖਲਾਈ ਅਧਾਰ ਦੀ ਕਮਾਂਡ ਸੰਭਾਲੀ। ਉਨ੍ਹਾਂ ਨੇ ਦੱਖਣੀ ਏਅਰ ਕਮਾਂਡ ਵਿਖੇ 'ਏਅਰ ਡਿਫੈਂਸ ਕਮਾਂਡਰ' ਵਜੋਂ ਵੀ ਸੇਵਾ ਨਿਭਾਈ। ਇਸ ਤੋਂ ਇਲਾਵਾ, ਉਨ੍ਹਾਂ ਨੇ ਏਅਰ ਹੈੱਡਕੁਆਰਟਰ (ਵਾਯੂ ਭਵਨ) ਵਿਖੇ ਅਹਿਮ ਨਿਯੁਕਤੀਆਂ ਵੀ ਨਿਭਾਈਆਂ ਹਨ। ਉਨ੍ਹਾਂ ਨੂੰ 2006 ਵਿੱਚ ਵਾਯੂ ਸੈਨਾ ਮੈਡਲ, 2011 ਵਿੱਚ ਵਿਸ਼ਿਸ਼ਟ ਸੇਵਾ ਮੈਡਲ, 2023 ਵਿੱਚ ਅਤਿ ਵਿਸ਼ਿਸ਼ਟ ਸੇਵਾ ਮੈਡਲ ਅਤੇ 2026 ਵਿੱਚ ਪਰਮ ਵਿਸ਼ਿਸ਼ਟ ਸੇਵਾ ਮੈਡਲ ਸ਼ਾਮਲ ਹਨ।

# ਚਰਨਜੀਤ ਚੰਨੀ ਤੇ ਬਾਜਵਾ ਦੀ ਅਗਵਾਈ ਹੇਠ ਗੁਰਪ੍ਰੀਤ ਸਿੰਘ ਕਾਂਗੜ ਦੇ ਸ਼ਹਿਰੀ ਦਫ਼ਤਰ ਦਾ ਉਦਘਾਟਨ ਅੱਜ



**ਰਾਮਪੁਰਾ ਫੂਲ, 31 ਅਕਤੂਬਰ (ਕੁਲਜੀਤ ਸਿੰਘ ਢੀਂਗਰਾ/ਸੁਰੇਸ਼ ਗਰਗ) :** ਸਾਬਕਾ ਮੰਤਰੀ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸੂਬਾ ਆਗੂ ਗੁਰਪ੍ਰੀਤ ਸਿੰਘ ਕਾਂਗੜ ਵੱਲੋਂ ਆਗਾਮੀ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਅੱਜ ਐਤਵਾਰ ਨੂੰ ਰਾਮਪੁਰਾ ਸ਼ਹਿਰ ਤੋਂ ਚੋਣ ਬਿਗੁਲ ਫੂਕਦਿਆਂ ਸਿਆਸੀ ਸਰਗਰਮੀਆਂ ਦਾ ਸ਼ਾਨਦਾਰ ਆਗਾਜ਼ ਕੀਤਾ ਜਾ ਰਿਹਾ ਹੈ। ਸ੍ਰੀ ਰਾਮਾਇਣ ਜੀ ਦੇ ਅਖੰਡ ਪਾਠ ਦੇ ਭੋਗ ਉਪਰੰਤ ਸਥਾਨਕ ਨਵੇਂ ਸ਼ਹਿਰੀ ਦਫ਼ਤਰ ਦੀ ਸ਼ੁਰੂਆਤ ਹੋ ਜਾਵੇਗੀ ਜਿਸ ਮੌਕੇ ਸ਼ਹਿਰ ਰਾਮਪੁਰਾ ਫੂਲ ਅਤੇ ਹਲਕੇ ਵਿੱਚ ਅਮਨ, ਸ਼ਾਂਤੀ, ਭਾਈਚਾਰਕ ਸਾਂਝ ਅਤੇ ਤਰੱਕੀ ਦੀ ਅਰਦਾਸ ਕੀਤੀ ਜਾਵੇਗੀ। ਇਸ ਤੋਂ ਬਾਅਦ ਸ਼ਹਿਰ ਦੇ ਖਾਤੀ ਬਜ਼ਾਰ ਵਿੱਚ ਕਾਂਗਰਸ ਪਾਰਟੀ ਦੇ ਨਵੇਂ ਅਤੇ ਆਧੁਨਿਕ ਸ਼ਹਿਰੀ ਦਫ਼ਤਰ ਦਾ ਬਾਕਾਇਦਾ ਤੌਰ 'ਤੇ ਉਦਘਾਟਨ ਕੀਤਾ ਜਾਵੇਗਾ, ਜੋ ਕਿ ਆਉਣ ਵਾਲੇ ਦਿਨਾਂ ਵਿੱਚ ਵਰਕਰਾਂ ਲਈ ਮਿਲਣੀ ਅਤੇ ਰਣਨੀਤੀ ਬਣਾਉਣ ਦਾ ਮੁੱਖ ਕੇਂਦਰ ਬਣੇਗਾ। ਕਾਂਗਰਸ ਕਾਡਰ ਵਿੱਚ ਨਵੀਂ ਰੂਹ ਫੂਕਣ ਲਈ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ। ਇਸ ਮੌਕੇ ਕਾਂਗੜ ਦੇ ਫ਼ਰਜ਼ੰਦ ਅਤੇ ਯੂਥ ਆਗੂ ਹਰਮਨਵੀਰ ਸਿੰਘ ਕਾਂਗੜ ਵੱਲੋਂ ਆਪਣੀ ਨੌਜਵਾਨ ਟੀਮ ਨਾਲ ਮੈਦਾਨ ਵਿੱਚ ਡਟ ਕੇ ਸ਼ਹਿਰ ਅੰਦਰ ਵਪਾਰੀਆਂ ਦੁਕਾਨਦਾਰਾਂ ਨਾਲ ਨਿੱਜੀ ਰਾਬਤਾ ਕਾਇਮ ਕਰਨ ਲਈ ਕੀਤੀ ਅਣਥੱਕ ਮਿਹਨਤ ਕੀਤੀ ਜਾ ਰਹੀ ਹੈ, ਜਿਸ ਨੂੰ ਭਰਪੂਰ ਹੁੰਗਾਰਾ ਮਿਲ ਰਿਹਾ ਹੈ ਸਮਾਗਮ ਦੌਰਾਨ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਸ. ਪ੍ਰਤਾਪ ਸਿੰਘ ਬਾਜਵਾ ਅਤੇ ਖ਼ੁਦ ਗੁਰਪ੍ਰੀਤ ਸਿੰਘ ਕਾਂਗੜ ਸ਼ਹਿਰੀਆਂ ਅਤੇ ਇਲਾਕਾ ਨਿਵਾਸੀਆਂ ਦੇ ਰੂਬਰੂ ਹੋ ਕੇ ਵਿਸ਼ੇਸ਼ ਵਿਚਾਰ ਸਾਂਝੇ ਕਰਨਗੇ। ਇਸ ਭਰਵੇਂ ਇਕੱਠ ਅਤੇ ਜੋਸ਼ ਨੂੰ ਦੇਖਦਿਆਂ ਸਾਫ਼ ਜਾਪਦਾ ਹੈ ਕਿ ਕਾਂਗਰਸ ਪਾਰਟੀ ਨੇ ਆਉਣ ਵਾਲੇ ਮੁਕਾਬਲੇ ਲਈ ਪੂਰੀ ਤਰ੍ਹਾਂ ਕਮਰ ਕੱਸ ਲਈ ਹੈ। ਗੁਰਪ੍ਰੀਤ ਸਿੰਘ ਕਾਂਗੜ ਨੇ ਸ਼ਹਿਰੀਆਂ ਨੂੰ ਸਮਾਗਮ ਚ ਸ਼ਮੂਲੀਅਤ ਕਰਨ ਦੀ ਹਾਰਦਿਕ ਅਪੀਲ ਕੀਤੀ ਹੈ।

# ਸਰਕਾਰੀ ਹਾਈ ਸਕੂਲ ਬੂਹੀ ਵਿਖੇ ਵਿਧਾਇਕ ਦੇਵ ਮਾਨ ਨੇ ਆਧੁਨਿਕ ਕਲਾਸ ਰੂਮ ਦਾ ਕੀਤਾ ਉਦਘਾਟਨ



**ਨਾਭਾ, 31 ਅਕਤੂਬਰ (ਭੁਪਿੰਦਰ ਜਿੰਦਲ ਰਾਕੇਸ਼ ਜਿੰਦਲ) :** ਪੰਜਾਬ ਸਰਕਾਰ ਵੱਲੋਂ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਅਤੇ ਸਰਕਾਰੀ ਸਕੂਲਾਂ ਨੂੰ ਆਧੁਨਿਕ ਸਹੂਲਤਾਂ ਨਾਲ ਲੈਸ ਕਰਨ ਲਈ ਚਲਾਈ ਜਾ ਰਹੀ ਸਿੱਖਿਆ ਕ੍ਰਾਂਤੀ ਤਹਿਤ ਅੱਜ ਸਰਕਾਰੀ ਹਾਈ ਸਕੂਲ ਬੂਹੀ, ਬਲਾਕ ਭਾਦਸੋਂ-1 ਵਿਖੇ ਹਲਕਾ ਨਾਭਾ ਦੇ ਵਿਧਾਇਕ ਸ੍ਰੀ ਗੁਰਦੇਵ ਸਿੰਘ ਦੇਵ ਮਾਨ ਵੱਲੋਂ ਆਧੁਨਿਕ ਕਲਾਸ ਰੂਮ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਵਿਧਾਇਕ ਦੇਵ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ ਦੇ ਖੇਤਰ ਵਿੱਚ ਕ੍ਰਾਂਤੀਕਾਰੀ ਬਦਲਾਅ ਲਿਆਉਣ ਲਈ ਲਗਾਤਾਰ ਯਤਨਸ਼ੀਲ ਹੈ। ਸਰਕਾਰੀ ਸਕੂਲਾਂ ਵਿੱਚ ਆਧੁਨਿਕ ਕਲਾਸ ਰੂਮ, ਬਿਹਤਰ ਬੁਨਿਆਦੀ ਢਾਂਚਾ ਅਤੇ ਸਿੱਖਿਆ ਲਈ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਿੱਖਿਆ ਕਿਸੇ ਵੀ ਸਮਾਜ ਦੀ ਤਰੱਕੀ ਦਾ ਅਹਿਮ ਆਧਾਰ ਹੈ ਅਤੇ ਪੰਜਾਬ ਸਰਕਾਰ ਬੱਚਿਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਸ ਮੌਕੇ ਸਕੂਲ ਦੀ ਹੈੱਡਮਿਸਟ੍ਰੈਸ ਸ੍ਰੀਮਤੀ ਪਰਮਜੀਤ ਕੌਰ ਨੇ ਸਕੂਲਾਂ ਵਿੱਚ ਸਿੱਖਿਆ ਕ੍ਰਾਂਤੀ ਤਹਿਤ ਹੋ ਰਹੇ ਵਿਕਾਸ ਕਾਰਜਾਂ ਅਤੇ ਬਦਲ ਰਹੇ ਰੂਪ ਲਈ ਵਿਧਾਇਕ ਸ੍ਰੀ ਗੁਰਦੇਵ ਸਿੰਘ ਦੇਵ ਮਾਨ, ਸਿੱਖਿਆ ਮੰਤਰੀ ਅਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ। ਉਨ੍ਹਾਂ ਸਕੂਲ ਦੀ ਤਰੱਕੀ ਅਤੇ ਵਿਦਿਆਰਥੀਆਂ ਦੀ ਬਿਹਤਰ ਸਿੱਖਿਆ ਲਈ ਭਵਿੱਖ ਵਿੱਚ ਵੀ ਲੋੜੀਂਦੇ ਉਪਰਾਲੇ ਜਾਰੀ ਰੱਖਣ ਦੀ ਬੇਨਤੀ ਕੀਤੀ। ਇਸ ਸਮਾਗਮ ਵਿੱਚ ਭੁਪਿੰਦਰ ਸਿੰਘ ਕੱਲਰ ਮਾਜਰੀ ਵਾਇਸ ਚੇਅਰਮੈਨ , ਸਰਪੰਚ ਸ. ਸ਼ੇਰ ਸਿੰਘ ਬੂਹੀ, ਸ. ਸੁਖਜੀਤ ਸਿੰਘ ਬੂਹਾ, ਐਸ.ਐਮ.ਸੀ. ਦੇ ਚੇਅਰਮੈਨ ਸ. ਹਰਪ੍ਰੀਤ ਸਿੰਘ ਅਤੇ ਕਮੇਟੀ ਮੈਂਬਰਾਂ ਤੋਂ ਇਲਾਵਾ ਸਕੂਲ ਸਟਾਫ਼ ਮੈਂਬਰ ਸ੍ਰੀਮਤੀ ਮਧੂ ਚੋਪੜਾ, ਸ੍ਰੀ ਰਮੇਸ਼ ਚੰਦ, ਸ੍ਰੀ ਬਲਜੀਤ ਸਿੰਘ, ਸ੍ਰੀਮਤੀ ਨੀਰਜ, ਸ੍ਰੀਮਤੀ ਚੰਚਲ ਰਾਣੀ, ਸ੍ਰੀਮਤੀ ਨੀਰੂ ਮੰਨਰੋ, ਸ੍ਰੀਮਤੀ ਸ਼ਸ਼ੀ ਬਾਲਾ, ਸ੍ਰੀਮਤੀ ਸੁਮਨ ਰਾਣੀ, ਸ੍ਰੀਮਤੀ ਪੂਜਾ ਰਾਣੀ, ਸ੍ਰੀ ਗੁਰਪ੍ਰੀਤ ਸਿੰਘ ਸੰਧੂ, ਡਾ. ਗੁਰਪ੍ਰੀਤ ਸਿੰਘ, ਸ੍ਰੀਮਤੀ ਅੰਮ੍ਰਿਤ ਪਾਲ ਕੌਰ, ਸ੍ਰੀ ਲਖਵੀਰ ਸਿੰਘ, ਸ੍ਰੀਮਤੀ ਬਰਿੰਦਰਜੀਤ ਕੌਰ ਅਤੇ ਸ੍ਰੀ ਸੁਖਦੀਪ ਸਿੰਘ , ਕਰਮ ਸਿੰਘ ਬੂਹੀ, ਜਸਵੀਰ ਸਿੰਘ ਵਜੀਦਪੁਰ ਸਮੇਤ ਵਿਦਿਆਰਥੀ, ਪਤਵੰਤੇ ਸੱਜਣ ਅਤੇ ਨਗਰ ਵਾਸੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਪੈਨਸ਼ਨ ਵੰਡ ਸਮਾਗਮ 'ਚ 104 ਲੋੜਵੰਦਾਂ ਨੂੰ ਪੈਨਸ਼ਨ ਦੇ ਚੈੱਕ ਕੀਤੇ ਤਕਸੀਮ



**ਮੁਣਕ, 31 ਅਕਤੂਬਰ (ਸਾਹਿਬ ਸਿੰਘ ਖੁਰਾਣਾ) :** ਮਾਤਾ ਚੇਤੰਨ ਕੌਰ ਚੈਰੀਟੇਬਲ ਟਰਸਟ ਦੇ ਮੁੱਖ ਸੇਵਾਦਾਰ ਸਰਦਾਰ ਜਗਦੇਵ ਸਿੰਘ ਜੀ ਵੱਲੋਂ ਅੱਜ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਮੂਣਕ ਵਿਖੇ ਲਗਭਗ 104 ਅਤਿ ਗਰੀਬ ਲੋੜਵੰਦਾਂ ਨੂੰ ਪਿਛਲੇ 3 ਸਾਲਾਂ ਤੋਂ 500 ਰੁਪਿਆ ਪ੍ਰਤੀ ਮਹੀਨਾ ਇਕ ਲਾਭਪਾਤਰੀ ਨੂੰ ਪੈਨਸ਼ਨ ਦੇਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ ਜਿਸ ਦੀ ਲੜੀ ਤਹਿਤ ਅੱਜ ਗੁਰਦੁਆਰਾ ਸਾਹਿਬ ਵਿਖੇ ਲਗਭਗ 104 ਲਾਭ ਪਾਤਰੀਆਂ ਨੂੰ 500 ਰੁਪਿਆ ਮਹੀਨਾ ਦੇ ਹਿਸਾਬ ਨਾਲ ਛੇ ਮਹੀਨਿਆਂ ਦੇ 3000 ਰੁਪਏ ਦੇ ਪ੍ਰਤੀ ਚੈੱਕ ਤਕਸੀਮ ਕੀਤੇ ਗਏ ਜੋ ਕਿ ਕੁੱਲ 3 ਲੱਖ 12000 ਹਜ਼ਾਰ ਰੁਪਏ ਦੇ ਬੈਠਦੇ ਹਨ ਅੱਜ ਦੇ ਇਸ ਸਮਾਗਮ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਲਹਿਰਾ/ਮੂਣਕ ਦੇ ਇੰਚਾਰਜ ਸਰਦਾਰ ਗਗਨਦੀਪ ਸਿੰਘ ਜੀ ਖੰਡੇਬਾਦ ਉਚੇਚੇ ਤੌਰ ਤੇ ਪਹੁੰਚੇ। ਇਸ ਸਮਾਗਮ ਨੂੰ ਸੰਬੋਧਨ ਕਰਦਿਆਂ ਮੁੱਖ ਮਹਿਮਾਨ ਸਰਦਾਰ ਗਗਨਦੀਪ ਖੰਡੇਬਾਦ ਨੇ ਕਿਹਾ ਕੀ ਸਰਦਾਰ ਜਗਦੇਵ ਸਿੰਘ ਖੰਡੇਬਾਦ ਵੱਲੋਂ ਆਪਣੀ ਮਾਤਾ ਦੀ ਯਾਦ ਵਿੱਚ ਟਰਸਟ ਬਣਾ ਕੇ ਜੋ ਲੋੜਵੰਦਾਂ ਦੀ ਸਹਾਇਤਾ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਉਹ ਬੇਹੱਦ ਸ਼ਲਾਘਾਯੋਗ ਹੈ ਸਮਰੱਥਾਵਾਨ ਪਰਿਵਾਰਾਂ ਨੂੰ ਸਰਦਾਰ ਜਗਦੇਵ ਸਿੰਘ ਖੰਡੇਬਾਦ ਦੇ ਪਰਿਵਾਰ ਤੋਂ ਸੇਧ ਲੈ ਕੇ ਲੋੜਵੰਦਾਂ ਦੀ ਸਹਾਇਤਾ ਲਈ ਇਹੋ ਜਿਹੇ ਉਪਰਾਲੇ ਕਰਨੇ ਚਾਹੀਦੇ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਟਰਸਟ ਦੇ ਪ੍ਰਧਾਨ ਸਮਾਜ ਸੇਵੀ ਜਗਦੇਵ ਸਿੰਘ ਖੰਡੇਬਾਦ, ਸੈਕਟਰੀ ਵਿਕਰਮਜੀਤ ਸਿੰਘ ਖੰਡੇਬਾਦ, ਖਜ਼ਾਨਚੀ ਨਿਰਮਲਜੀਤ ਸਿੰਘ ਖੰਡੇਬਾਦ, ਮਾ ਰਾਮ ਸਿੰਘ ਜੀ ਦੇਹਲਾ ਸੀਹਾਂ ਸੀਨੀਅਰ ਐਡਵੋਕੇਟ ਪ੍ਰੇਮ ਪਾਲ ਜੀ ਅਲੀਸ਼ੇਰ, ਸਾਬਕਾ ਪ੍ਰਿੰਸੀਪਲ ਸਰਦਾਰ ਹਜ਼ੂਰਾ ਸਿੰਘ ਜੀ, ਸਾਬਕਾ ਸਰਪੰਚ ਸਰਦਾਰ ਅਮਰੀਕ ਸਿੰਘ ਜੀ ਚੂਲੜ੍ਹ ਕਲਾਂ, ਸਾਬਕਾ ਸਰਪੰਚ ਸਰਬਜੀਤ ਸਿੰਘ, ਲਛਮਨ ਸਿੰਘ ਅਲੀਸ਼ੇਰ, ਬੀਬੀ ਬਲਜੀਤ ਕੌਰ ਰਾਮਪੁਰਾ, ਕੁਲਵਿੰਦਰ ਸਿੰਘ ਵੜੈਚ ਉਰਫ ਕੁਕੂ ਵੜੈਚ ਤੋਂ ਇਲਾਵਾ ਹੋਰ ਬਹੁਤ ਸਾਰੇ ਪਤਵੰਤੇ ਸੱਜਣ ਅਤੇ ਲਾਭਪਾਤਰੀ ਹਾਜ਼ਰ ਸਨ।

# ਵੋਹਰਾ ਕਲੋਨੀ ਨੇੜੇ ਮਿਠਾਈਆਂ ਦੇ ਗੋਦਾਮ 'ਚ ਐਸਡੀਐਮ ਵੱਲੋਂ ਛਾਪੇਮਾਰੀ

## ਰੱਸਗੁੱਲਿਆਂ ਤੇ ਗੁਲਾਬ ਜਾਮਨਾਂ ਦੇ ਭਰੇ ਸੈਂਪਲ, ਸਫ਼ਾਈ ਦੀ ਘਾਟ ਕਾਰਨ ਕੱਟਿਆ ਚਲਾਨ; ਮੌਕੇ ਤੋਂ ਸੋਡੀਅਮ ਵੀ ਮਿਲਿਆ



**ਸ੍ਰੀ ਮੁਕਤਸਰ ਸਾਹਿਬ, 31 ਅਕਤੂਬਰ (ਆਦੇਸ਼) :** ਤਿਉਹਾਰੀ ਸੀਜ਼ਨ ਦੌਰਾਨ ਮਿਲਾਵਟੀ ਅਤੇ ਗੈਰ-ਮਿਆਰੀ ਖਾਧ ਪਦਾਰਥਾਂ ਦੀ ਵਿਕਰੀ ਸਬੰਧੀ ਮਿਲ ਰਹੀਆਂ ਸ਼ਿਕਾਇਤਾਂ ਦੇ ਮੱਦੇਨਜ਼ਰ ਸ਼ਨੀਵਾਰ ਨੂੰ ਐਸਡੀਐਮ ਗੁਰਕਿਰਨਦੀਪ ਸਿੰਘ ਸਿੱਧੂ ਨੇ ਫੂਡ ਸੇਫਟੀ ਵਿਭਾਗ ਦੀ ਟੀਮ ਨੂੰ ਨਾਲ ਲੈ ਕੇ ਵੋਹਰਾ ਕਲੋਨੀ ਨੇੜੇ ਇੱਕ ਮਿਠਾਈਆਂ ਦੇ ਗੋਦਾਮ 'ਤੇ ਛਾਪੇਮਾਰੀ ਕੀਤੀ। ਇਸ ਦੌਰਾਨ ਰੱਸਗੁੱਲਿਆਂ ਅਤੇ ਗੁਲਾਬ ਜਾਮਨਾਂ ਦੇ ਦੋ ਸੈਂਪਲ ਭਰੇ ਗਏ ਅਤੇ ਸਫ਼ਾਈ ਦੀ ਘਾਟ ਕਾਰਨ ਚਲਾਨ ਵੀ ਕੱਟਿਆ ਗਿਆ। ਚੈਕਿੰਗ ਦੌਰਾਨ ਅਧਿਕਾਰੀਆਂ ਨੂੰ ਮਿਠਾਈਆਂ ਏਅਰ ਕੰਡੀਸ਼ਨਰ ਤੋਂ ਬਿਨਾਂ ਬੰਦ ਕਮਰੇ ਵਿੱਚ ਸਟੋਰ ਕੀਤੀਆਂ ਮਿਲੀਆਂ। ਮਿਠਾਈਆਂ ਵਿੱਚੋਂ ਖਟਾਸ ਅਤੇ ਬਦਬੂ ਆਉਣ ਦੇ ਖਦਸ਼ੇ ਕਾਰਨ ਸੈਂਪਲ ਲਏ ਗਏ। ਮੌਕੇ ਤੋਂ ਸੋਡੀਅਮ ਵੀ ਬਰਾਮਦ ਹੋਇਆ। ਫੂਡ ਸੇਫਟੀ ਅਫ਼ਸਰ ਗਗਨਦੀਪ ਕੌਰ ਅਨੁਸਾਰ ਇਸ ਦੀ ਵਰਤੋਂ ਮਿਠਾਈਆਂ ਨੂੰ ਕਰੰਚੀ ਬਣਾਉਣ ਲਈ ਕੀਤੀ ਜਾ ਰਹੀ ਸੀ, ਜੋ ਸਿਹਤ ਲਈ ਹਾਨੀਕਾਰਕ ਹੋ ਸਕਦੀ ਹੈ। ਅਧਿਕਾਰੀਆਂ ਨੇ ਇਹ ਵੀ ਦੇਖਿਆ ਕਿ ਮਿਠਾਈਆਂ ਅਤੇ ਹੋਰ ਸਮਾਨ ਵਾਲੇ ਹਾਲ ਵਿੱਚ ਹੀ ਕਰਮਚਾਰੀ ਸੌਂ ਰਹੇ ਸਨ ਅਤੇ ਮਸ਼ੀਨਾਂ 'ਤੇ ਕੱਪੜੇ ਟੰਗੇ ਹੋਏ ਸਨ। ਇਸ 'ਤੇ ਸਖ਼ਤ ਨੋਟਿਸ ਲੈਂਦਿਆਂ ਸਫ਼ਾਈ ਰੱਖਣ ਅਤੇ ਨਿਯਮਾਂ ਦੀ ਪਾਲਣਾ ਕਰਨ ਦੀ ਹਦਾਇਤ ਕੀਤੀ ਗਈ। ਐਸਡੀਐਮ ਨੇ ਕਿਹਾ ਕਿ ਲੋਕਾਂ ਦੀ ਸਿਹਤ ਨਾਲ ਖਿਲਵਾੜ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਤਿਉਹਾਰੀ ਸੀਜ਼ਨ ਦੌਰਾਨ ਚੈਕਿੰਗ ਮੁਹਿੰਮ ਜਾਰੀ ਰਹੇਗੀ। ਫੂਡ ਸੇਫਟੀ ਅਫ਼ਸਰ ਨੇ ਦੱਸਿਆ ਕਿ ਹੁਣ ਤੱਕ ਜ਼ਿਲ੍ਹੇ ਵਿੱਚ ਕੁੱਲ 30 ਸੈਂਪਲ ਭਰੇ ਜਾ ਚੁੱਕੇ ਹਨ।

# ਪਟਾਕਿਆਂ ਦੀ ਵਿਕਰੀ ਲਈ 30 ਅਸਥਾਈ ਲਾਇਸੰਸਾਂ ਦਾ ਡਰਾਅ ਕੱਢਿਆ



**ਸ੍ਰੀ ਮੁਕਤਸਰ ਸਾਹਿਬ, 31 ਅਕਤੂਬਰ (ਆਦੇਸ਼) :** ਦੀਵਾਲੀ ਅਤੇ ਗੁਰਪੁਰਬ ਮੌਕੇ ਪਟਾਕਿਆਂ ਦੀ ਵਿਕਰੀ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 30 ਅਸਥਾਈ ਲਾਇਸੰਸਾਂ ਦਾ ਡਰਾਅ ਪਾਰਦਰਸ਼ੀ ਢੰਗ ਨਾਲ ਕੱਢਿਆ ਗਿਆ। ਡਿਪਟੀ ਕਮਿਸ਼ਨਰ ਦਫ਼ਤਰ ਦੇ ਮੀਟਿੰਗ ਹਾਲ ਵਿੱਚ ਹੋਏ ਇਸ ਡਰਾਅ ਮੌਕੇ ਸਹਾਇਕ ਕਮਿਸ਼ਨਰ (ਜਨਰਲ) ਗੁਰਕਿਰਨਦੀਪ ਸਿੰਘ ਪੀ.ਸੀ.ਐੱਸ. ਮੌਜੂਦ ਰਹੇ। ਪ੍ਰਸ਼ਾਸਨ ਅਨੁਸਾਰ ਲਾਇਸੰਸਾਂ ਲਈ ਕੁੱਲ 1812 ਅਰਜ਼ੀਆਂ ਪ੍ਰਾਪਤ ਹੋਈਆਂ ਸਨ। ਨਿਰਧਾਰਿਤ ਪ੍ਰਕਿਰਿਆ ਤਹਿਤ 30 ਲਾਇਸੰਸਾਂ ਦੀ ਚੋਣ ਡਰਾਅ ਰਾਹੀਂ ਕੀਤੀ ਗਈ। ਚੁਣੇ ਗਏ ਲਾਇਸੰਸ ਧਾਰਕ 7 ਤੋਂ 9 ਨਵੰਬਰ ਅਤੇ 23 ਤੋਂ 24 ਨਵੰਬਰ ਨੂੰ ਨਿਰਧਾਰਿਤ ਥਾਵਾਂ 'ਤੇ ਹੀ ਪਟਾਕੇ ਵੇਚ ਸਕਣਗੇ। ਪ੍ਰਸ਼ਾਸਨ ਨੇ ਲਾਇਸੰਸ ਧਾਰਕਾਂ ਨੂੰ ਸਰਕਾਰੀ ਹਦਾਇਤਾਂ ਦੀ ਪਾਲਣਾ ਕਰਨ ਅਤੇ ਆਮ ਲੋਕਾਂ ਨੂੰ ਵਾਤਾਵਰਣ ਤੇ ਸਿਹਤ ਦਾ ਧਿਆਨ ਰੱਖਦਿਆਂ ਨਿਯਮਾਂ ਅਨੁਸਾਰ ਪਟਾਕੇ ਚਲਾਉਣ ਦੀ ਅਪੀਲ ਕੀਤੀ ਹੈ।

# ਗੁਰਦੁਆਰਾ ਟਿੱਬੀ ਸਾਹਿਬ ਵਿਖੇ 40 ਮੁਕਤਿਆਂ ਦੀ ਯਾਦ 'ਚ ਤਿੰਨ ਰੋਜ਼ਾ ਸਾਲਾਨਾ ਜੋੜ ਮੇਲਾ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ



**ਸ੍ਰੀ ਮੁਕਤਸਰ ਸਾਹਿਬ, 31 ਅਕਤੂਬਰ (ਆਦੇਸ਼) :** ਸ੍ਰੀ ਮੁਕਤਸਰ ਸਾਹਿਬ ਦੇ ਗੁਰਦੁਆਰਾ ਟਿੱਬੀ ਸਾਹਿਬ ਵਿਖੇ 40 ਮੁਕਤਿਆਂ ਅਤੇ ਹੋਰਨਾਂ ਸ਼ਹੀਦ ਸਿੰਘਾਂ ਦੀ ਯਾਦ ਵਿੱਚ ਤਿੰਨ ਰੋਜ਼ਾ ਸਾਲਾਨਾ ਜੋੜ ਮੇਲਾ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਮੌਕੇ ਦਿਨ-ਰਾਤ ਧਾਰਮਿਕ ਦੀਵਾਨ ਸਜਾਏ ਗਏ ਅਤੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਸਮਾਗਮ ਦੌਰਾਨ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਨੇ ਸ਼ਮੂਲੀਅਤ ਕਰਕੇ ਗੁਰੂ ਘਰ ਵਿਖੇ ਮੱਥਾ ਟੇਕਿਆ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਮੀਤ ਪ੍ਰਧਾਨ ਜਗਜੋਤ ਸਿੰਘ ਹਨੀ ਫੱਤਣਵਾਲਾ ਨੇ ਵੀ ਗੁਰਦੁਆਰਾ ਸਾਹਿਬ ਵਿਖੇ ਹਾਜ਼ਰੀ ਭਰੀ ਅਤੇ ਗੁਰੂ ਸਾਹਿਬ ਅੱਗੇ ਨਤਮਸਤਕ ਹੋ ਕੇ ਹਲਕੇ ਦੇ ਲੋਕਾਂ ਦੀ ਸੁੱਖ-ਸ਼ਾਂਤੀ ਅਤੇ ਚੜ੍ਹਦੀ ਕਲਾ ਲਈ ਅਰਦਾਸ ਕੀਤੀ। ਇਸ ਮੌਕੇ ਗੁਰੂ ਘਰ ਦੇ ਮੁੱਖ ਸੇਵਾਦਾਰ ਮਾਤਾ ਸੁਰਜੀਤ ਕੌਰ ਅਤੇ ਹੋਰਨਾਂ ਸੇਵਾਦਾਰਾਂ ਵੱਲੋਂ ਜਗਜੋਤ ਸਿੰਘ ਹਨੀ ਫੱਤਣਵਾਲਾ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਸਮਾਗਮ ਦੌਰਾਨ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

ਸਫ਼ਾ ਇੱਕ ਦੀਆਂ ਬਾਕੀ...

## ਸਾਬਕਾ ਮੰਤਰੀ ਸੰਜੀਵ ਅਰੋੜਾ.....

ਸਹਿਤ 'ਸ਼ੈੱਲ ਕੰਪਨੀਆਂ' ਤੋਂ ਖਰੀਦਦਾਰੀ ਦਿਖਾ ਕੇ, ਫਰਮ ਨੇ ਲਗਭਗ 15 ਕਰੋੜ ਰੁਪਏ ਦਾ 'ਇਨਪੁਟ ਟੈਕਸ ਕ੍ਰੈਡਿਟ' ਅਤੇ 48 ਕਰੋੜ ਰੁਪਏ ਦਾ 'ਡਿਊਟੀ ਡਰਾਅਬੈਕ' (ਟੈਕਸ ਵਾਪਸੀ) ਹਾਸਲ ਕੀਤਾ। ਇਹ ਵੀ ਦੋਸ਼ ਹੈ ਕਿ ਵਿਦੇਸ਼ ਭੇਜੀ ਗਈ ਰਕਮ ਨੂੰ ਦੁਬਈ ਦੇ ਰਸਤੇ ਵਾਪਸ ਭਾਰਤ ਲਿਆਂਦਾ ਗਿਆ, ਤਾਂ ਜੋ ਇਸਨੂੰ ਜਾਇਜ਼ ਦਿਖਾਇਆ ਜਾ ਸਕੇ। ਅਰੋੜਾ ਨੇ ਇਨ੍ਹਾਂ ਦੋਸ਼ਾਂ ਨੂੰ ਸਿਆਸੀ ਬਦਲਾਖੋਰੀ ਕਰਾਰ ਦਿੰਦਿਆਂ ਖਾਰਜ ਕਰ ਦਿੱਤਾ ਹੈ। 'ਆਪ' ਨੇ ਵੀ ਇਸ ਗ੍ਰਿਫਤਾਰੀ ਨੂੰ ਕੇਂਦਰੀ ਸਰਕਾਰੀ ਏਜੰਸੀਆਂ ਦੀ ਦੁਰਵਰਤੋਂ ਦੱਸਿਆ ਹੈ। ਅਕਤੂਬਰ 2026 ਵਿੱਚ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਉਨ੍ਹਾਂ ਦੀ ਜ਼ਮਾਨਤ ਅਰਜ਼ੀ ਖਾਰਜ ਕਰ ਦਿੱਤੀ ਸੀ। ਅਰੋੜਾ ਇਸ ਸਮੇਂ ਗੁਰੂਗ੍ਰਾਮ ਦੀ ਭੋਂਡਸੀ ਜੇਲ੍ਹ ਵਿੱਚ ਬੰਦ ਹਨ।

## 40 ਉਮੀਦਵਾਰ ਨਹੀਂ, ਪੰਜਾਬ.....

ਦਾਖ਼ਲਾ ਬੰਦ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਹੁਣ ਪੰਜਾਬ ਦੇ ਲੋਕ ਹਿਸਾਬ ਲੈਣ ਦੇ ਮੂਡ ਵਿੱਚ ਹਨ ਅਤੇ ਆਉਣ ਵਾਲੀਆਂ ਚੋਣਾਂ ਵਿੱਚ 'ਆਪ' ਨੂੰ ਇਸ ਲੁੱਟ ਅਤੇ ਬਰਬਾਦੀ ਦਾ ਜਵਾਬ ਦੇਣਾ ਪਵੇਗਾ। ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਦੀ ਇਕੋ ਇੱਕ ਉਮੀਦ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਤੋਂ ਹੈ। ਪੰਜਾਬ ਵਿੱਚ ਨਸ਼ਾ, ਗੈਂਗਸਟਰਵਾਦ ਤੇ ਭ੍ਰਿਸ਼ਟਾਚਾਰ ਦੇ ਖ਼ਾਤਮੇ ਦਾ ਕੰਮ ਭਾਜਪਾ ਹੀ ਕਰੇਗੀ? ਅਤੇ ਇੱਥੇ ਦੀ ਵਿਗੜੀ ਕਾਨੂੰਨ ਵਿਵਸਥਾ ਵੀ ਭਾਜਪਾ ਹੀ ਠੀਕ ਕਰੇਗੀ। ਜਿਸ ਕਰਕੇ ਪੰਜਾਬ ਦੇ ਲੋਕ 2027 ਵਿੱਚ ਡਬਲ ਇੰਜਣ ਦੀ ਸਰਕਾਰ ਬਣਾਉਣਗੇ। ਢਿੱਲੋਂ ਨੇ ਕਿਹਾ ਕਿ ਭਾਜਪਾ 117 ਸੀਟਾਂ ਉਪਰ ਤਿਆਰੀ ਹੈ ਅਤੇ ਆਉਣ ਵਾਲੀ ਸਰਕਾਰ ਭਾਜਪਾ ਦੀ ਹੋਵੇਗੀ।

## ਨਵੇਂ, ਸੁੰਦਰ ਤੇ ਸੁਰੱਖਿਅਤ.....

ਮੀਟਿੰਗ ਵਿੱਚ ਇਲਾਕੇ ਦੇ ਵੱਡੀ ਗਿਣਤੀ ਲੋਕਾਂ ਨੇ ਸ਼ਮੂਲੀਅਤ ਕੀਤੀ। ਲੋਕਾਂ ਨੂੰ ਸੰਬੋਧਨ ਕਰਦਿਆਂ ਬਿੱਟੀ ਨੇ ਕਿਹਾ ਕਿ ਨਸ਼ਾ ਅਤੇ ਲਗਾਤਾਰ ਵਧ ਰਹੀ ਗੁੰਡਾਗਰਦੀ ਅੱਜ ਰਾਮਪੁਰਾ ਸਮੇਤ ਪੂਰੇ ਸੂਬੇ ਦੇ ਲੋਕਾਂ ਲਈ ਗੰਭੀਰ ਸਮੱਸਿਆ ਬਣੀ ਹੋਈ ਹੈ। ਉਨ੍ਹਾਂ ਕਿਹਾ ਕਿ ਜਵਾਨੀ ਦੀ ਦਹਿਲੀਜ਼ 'ਤੇ ਕਦਮ ਰੱਖ ਰਹੇ ਪੁੱਤਰ ਦੇ ਮਾੜੀ ਸੰਗਤ ਵਿੱਚ ਪੈਣ ਅਤੇ ਕਿਸੇ ਕੰਮ ਲਈ ਘਰੋਂ ਬਾਹਰ ਜਾ ਰਹੀ ਧੀ ਦੀ ਸੁਰੱਖਿਆ ਦਾ ਫ਼ਿਕਰ ਸੂਬੇ ਦੇ ਹਰੇਕ ਪਰਿਵਾਰ ਲਈ ਚਿੰਤਾ ਦਾ ਵਿਸ਼ਾ ਬਣ ਚੁੱਕਾ ਹੈ। ਬਿੱਟੀ ਨੇ ਕਿਹਾ ਕਿ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਬਦਲਾਅ ਦੇ ਸਬਜ਼ਬਾਗ ਦਿਖਾ ਕੇ ਸੱਤਾ 'ਤੇ ਕਾਬਜ਼ ਹੋਈ ਆਮ ਆਦਮੀ ਪਾਰਟੀ ਆਪਣੇ ਪਿਛਲੇ ਪੰਜ ਸਾਲਾਂ ਦੇ ਕਾਰਜਕਾਲ ਦੌਰਾਨ ਉਕਤ ਸਮੱਸਿਆਵਾਂ ਦੇ ਹੱਲ ਵਿੱਚ ਪੂਰੀ ਤਰ੍ਹਾਂ ਫੇਲ੍ਹ ਸਾਬਤ ਹੋਈ ਹੈ। ਉਨ੍ਹਾਂ ਦੋਸ਼ ਲਾਇਆ ਕਿ ਸੂਬਾ ਸਰਕਾਰ ਵੱਲੋਂ ਲੋਕਾਂ ਨੂੰ ਸੁਰੱਖਿਅਤ ਮਾਹੌਲ ਅਤੇ ਬਿਹਤਰ ਸਹੂਲਤਾਂ ਮੁਹੱਈਆ ਕਰਵਾਉਣ ਦੀ ਬਜਾਏ ਇਸ਼ਤਿਹਾਰਬਾਜ਼ੀ 'ਤੇ ਕਰੋੜਾਂ ਰੁਪਏ ਪਾਣੀ ਵਾਂਗ ਵਹਾਏ ਜਾ ਰਹੇ ਹਨ। ਬਿੱਟੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਦਿੱਲੀ ਨਾਲ ਸਬੰਧਤ ਜ਼ਿਆਦਾਤਰ ਆਗੂ ਪੰਜਾਬ ਦੀਆਂ ਵੱਡੀਆਂ-ਵੱਡੀਆਂ ਸਰਕਾਰੀ ਕੋਠੀਆਂ ਵਿੱਚ ਰਹਿ ਰਹੇ ਹਨ। ਉਨ੍ਹਾਂ ਦੀ ਰਿਹਾਇਸ਼ ਤੋਂ ਲੈ ਕੇ ਖਾਣ-ਪੀਣ ਸਮੇਤ ਹਰ ਤਰ੍ਹਾਂ ਦੀ ਸਹੂਲਤ ਦਾ ਪ੍ਰਬੰਧ ਸੂਬਾ ਸਰਕਾਰ ਵੱਲੋਂ ਆਪਣੇ ਖਰਚੇ 'ਤੇ ਕੀਤਾ ਜਾ ਰਿਹਾ ਹੈ। ਇੰਨਾ ਹੀ ਨਹੀਂ, ਇਨ੍ਹਾਂ ਵਿੱਚੋਂ ਕੁਝ ਲੋਕਾਂ ਨੂੰ ਪੰਜਾਬ ਸਰਕਾਰ ਦੇ ਖ਼ਜ਼ਾਨੇ ਵਿੱਚੋਂ ਤਨਖ਼ਾਹ ਵੀ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਕੱਢੀਆਂ ਜਾ ਰਹੀਆਂ ਜ਼ਿਆਦਾਤਰ ਸਰਕਾਰੀ ਨੌਕਰੀਆਂ ਵਿੱਚ ਵੀ ਬਾਹਰਲੇ ਸੂਬਿਆਂ ਦੇ ਨੌਜਵਾਨਾਂ ਦੀ ਗਿਣਤੀ ਵਧ ਰਹੀ ਹੈ। ਬਿੱਟੀ ਨੇ ਦੋਸ਼ ਲਾਇਆ ਕਿ ਕੁਰਸੀ ਦੇ ਲਾਲਚ ਵਿੱਚ ਪੰਜਾਬ ਦੇ ਜ਼ਿਆਦਾਤਰ 'ਆਪ' ਆਗੂ ਦਿੱਲੀ ਦੇ ਆਗੂਆਂ ਦੇ ਹੱਥਾਂ ਦੀ ਕਠਪੁਤਲੀ ਬਣੇ ਹੋਏ ਹਨ। ਬਿੱਟੀ ਨੇ ਕਿਹਾ ਕਿ ਸੂਬਾ ਸਰਕਾਰ ਦੀ ਇਸ ਫ਼ਜ਼ੂਲਖ਼ਰਚੀ ਕਾਰਨ ਪਿਛਲੇ ਪੰਜ ਸਾਲਾਂ ਦੌਰਾਨ ਪੰਜਾਬ ਸਿਰ ਕਰਜ਼ਾ ਢਾਈ ਲੱਖ ਕਰੋੜ ਰੁਪਏ ਤੋਂ ਵਧ ਕੇ ਸਾਢੇ ਚਾਰ ਲੱਖ ਕਰੋੜ ਰੁਪਏ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀ ਇਸ ਉਦਾਸੀਨਤਾ ਕਾਰਨ ਸੂਬੇ ਦੇ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਹਾਸਲ ਕਰਨ ਵਾਲੇ ਜ਼ਿਆਦਾਤਰ ਬੱਚੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚ ਵੱਡੇ-ਵੱਡੇ ਨਿੱਜੀ ਸਕੂਲਾਂ ਤੋਂ ਪੜ੍ਹ ਕੇ ਨਿਕਲੇ ਬੱਚਿਆਂ ਦਾ ਮੁਕਾਬਲਾ ਕਰਨ ਵਿੱਚ ਪਿੱਛੇ ਰਹਿ ਜਾਂਦੇ ਹਨ। ਬਿੱਟੀ ਨੇ ਕਿਹਾ ਕਿ ਸੇਵਾ ਕਰਨ ਦਾ ਮੌਕਾ ਮਿਲਣ 'ਤੇ ਹਲਕਾ ਰਾਮਪੁਰਾ ਫੂਲ ਦੇ ਬੱਚਿਆਂ ਨੂੰ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਲਈ ਬਿਹਤਰ ਸਹੂਲਤਾਂ ਮੁਹੱਈਆ ਕਰਵਾਉਣ ਵਾਸਤੇ ਸਾਰਥਕ ਯਤਨ ਕੀਤੇ ਜਾਣਗੇ।

ਸਫ਼ਾ ਇੱਕ ਦੀਆਂ ਬਾਕੀ...

## ਚਾਰ ਨਵੰਬਰ ਨੂੰ ਰਾਹੁਲ.....

ਹੋਣਗੇ। ਉਹਨਾਂ ਦੱਸਿਆ ਕਿ ਉਹ ਪਿਛਲੇ ਲੰਬੇ ਸਮੇਂ ਤੋਂ ਹਲਕਾ ਪੂਰਬੀ ਵਿਖੇ ਵਰਕਰਾਂ ਵਿੱਚ ਰਹਿ ਕੇ ਪਾਰਟੀ ਨੂੰ ਮਜ਼ਬੂਤ ਕਰਨ ਦਾ ਕੰਮ ਕਰ ਰਹੇ ਹਨ। ਚਾਰ ਨਵੰਬਰ ਦੀ ਸੰਗਰੂਰ ਰੈਲੀ ਵਿੱਚ ਹਿੱਸਾ ਲੈਣ ਲਈ ਉਹਨਾਂ ਦੀ ਅਗਵਾਈ ਵਿੱਚ ਵੱਡਾ ਜੱਥਾ ਹਲਕਾ ਪੂਰਬੀ ਤੋਂ ਰਵਾਨਾ ਹੋਵੇਗਾ। ਗੁਰਮੇਲ ਪਹਿਲਵਾਨ ਨੇ ਕਿਹਾ ਕਿ ਇਸ ਰੈਲੀ ਵਿੱਚ ਰਾਹੁਲ ਗਾਂਧੀ ਕੇਂਦਰ ਦੀ ਭਾਜਪਾ ਸਰਕਾਰ ਅਤੇ ਸੂਬੇ ਦੀ ਆਪ ਸਰਕਾਰ ਦੀਆਂ ਨਾਕਾਮੀਆਂ ਦਾ ਖੁਲਾਸਾ ਕਰਦੇ ਹੋਏ ਪੰਜਾਬ ਵਿੱਚ ਫੈਲੇ ਭ੍ਰਿਸ਼ਟਾਚਾਰ, ਨਸ਼ੇ ਦੇ ਜਾਲ, ਲੁਟ-ਖੋਹ, ਫਿਰੌਤੀ ਤੇ ਦਿਨ-ਦਿਹਾੜੇ ਹੋ ਰਹੇ ਕਤਲਾਂ ਤੋਂ ਇਲਾਵਾ ਵੋਟ ਚੋਰੀ (ਐਸਆਈਆਰ) ਮੁੱਦੇ ਤੇ ਪੰਜਾਬੀਆਂ ਨੂੰ ਜਾਗਰੂਕ ਕਰਨਗੇ। 2027 ਦੀਆਂ ਵਿਧਾਨਸਭਾ ਚੋਣਾਂ ਦੇ ਨਤੀਜੇ ਕਾਂਗਰਸ ਦੇ ਪੱਖ ਵਿੱਚ ਹੋਣਗੇ ਅਤੇ ਕਾਂਗਰਸ ਪਾਰਟੀ ਪੂਰੇ ਬਹੁਮਤ ਨਾਲ ਪੰਜਾਬ ਵਿੱਚ ਆਪਣੀ ਸਰਕਾਰ ਬਣਾਵੇਗੀ। ਇਸ ਮੌਕੇ ਗੁਰਮੇਲ ਸਿੰਘ ਪਹਿਲਵਾਨ ਦੇ ਨਾਲ ਸੰਨੀ ਧਨੂਜਾ ਸੁਰਿੰਦਰ ਸਿੰਘ ਮਾਸਕੋ, ਵਿਕਰਮਜੀਤ ਸਿੰਘ, ਸਿੰਨੂ ਲਾਖਾ, ਦਿਲਬਾਗ ਸਿੰਘ ਸਰਵਨ ਸਿੰਘ ਸਮੇਤ ਕਈ ਆਗੂ ਹਾਜ਼ਰ ਸਨ।

## ਅਦਾਲਤ ਦੇ ਹੁਕਮਾਂ ਤੇ.....

ਪ੍ਰਗਟਾਏ ਗਏ ਸਨ। ਸੰਗਤ ਦਾ ਮੰਨਣਾ ਹੈ ਕਿ ਗੁਰਦੁਆਰਾ ਪ੍ਰਬੰਧ ਸਿਰਫ਼ ਪ੍ਰਸ਼ਾਸਕੀ ਅਤੇ ਵਿੱਤੀ ਪ੍ਰਬੰਧਨ ਤੱਕ ਸੀਮਤ ਨਹੀਂ, ਸਗੋਂ ਇਸ ਵਿੱਚ ਧਾਰਮਿਕ ਮਰਿਆਦਾ, ਸੇਵਾ ਭਾਵਨਾ ਅਤੇ ਪਰੰਪਰਾਵਾਂ ਦੀ ਪਾਲਣਾ ਵੀ ਸਭ ਤੋਂ ਮਹੱਤਵਪੂਰਨ ਹੈ ਇਸ ਪੂਰੇ ਘਟਨਾਕ੍ਰਮ ਵਿੱਚ ਬਾਵਾ ਗੁਰਿੰਦਰ ਸਿੰਘ ਦੀ ਭੂਮਿਕਾ ਵਿਸ਼ੇਸ਼ ਮਹੱਤਵ ਰੱਖਦੀ ਹੈ। ਗੁਰਦੁਆਰਾ ਬੋਰਡ ਵਿੱਚ ਵਾਈਸ ਚੇਅਰਮੈਨ ਦੀ ਜ਼ਿੰਮੇਵਾਰੀ ਨਿਭਾ ਰਹੇ ਬਾਵਾ ਗੁਰਿੰਦਰ ਸਿੰਘ ਦੇ ਮੋਢਿਆਂ 'ਤੇ ਚੇਅਰਮੈਨ ਸ ਭੁਪਿੰਦਰ ਸਿੰਘ ਮਿਨਹਾਸ ਦੇ ਅਕਾਲ ਚਲਾਣੇ ਤੋਂ ਬਾਅਦ ਪ੍ਰਬੰਧ ਦੀ ਅਹਿਮ ਜ਼ਿੰਮੇਵਾਰੀ ਆ ਗਈ ਹੈ। ਹੁਣ ਉਨ੍ਹਾਂ ਕੋਲ ਤਖ਼ਤ ਸਾਹਿਬ ਦੀਆਂ ਸੇਵਾਵਾਂ ਨੂੰ ਹੋਰ ਸੁਚਾਰੂ ਬਣਾਉਣ ਅਤੇ ਸੰਗਤ ਦੀਆਂ ਉਮੀਦਾਂ 'ਤੇ ਖਰਾ ਉਤਰਨ ਦਾ ਮਹੱਤਵਪੂਰਨ ਮੌਕਾ ਹੈ ਬਾਵਾ ਗੁਰਿੰਦਰ ਸਿੰਘ ਦੀਆਂ ਪੰਥ ਪ੍ਰਤੀ ਸੇਵਾਵਾਂ ਅਤੇ ਸਮਰਪਣ ਦੀ ਭਾਵਨਾ ਨੂੰ ਦੇਖਦਿਆਂ ਸੰਗਤ ਵੱਲੋਂ ਉਨ੍ਹਾਂ ਤੋਂ ਕਾਫ਼ੀ ਉਮੀਦਾਂ ਲਗਾਈਆਂ ਜਾ ਰਹੀਆਂ ਹਨ। ਉਨ੍ਹਾਂ ਦੇ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਤਖ਼ਤ ਸਾਹਿਬ ਦੀ ਮਰਿਆਦਾ ਨੂੰ ਕਾਇਮ ਰੱਖਦਿਆਂ ਆਧੁਨਿਕ ਪ੍ਰਬੰਧਕੀ ਲੋੜਾਂ ਨੂੰ ਪੂਰਾ ਕਰਨਾ ਹੋਵੇਗੀ। ਮਹਾਰਾਸ਼ਟਰ ਸਰਕਾਰ ਵੱਲੋਂ ਹਾਈ ਕੋਰਟ ਦੇ ਹੁਕਮਾਂ ਉਪਰੰਤ ਜਾਰੀ ਨੋਟੀਫਿਕੇਸ਼ਨ ਨੂੰ ਇਸ ਦਿਸ਼ਾ ਵਿੱਚ ਇੱਕ ਅਹਿਮ ਕਦਮ ਮੰਨਿਆ ਜਾ ਰਿਹਾ ਹੈ। ਹੁਣ ਬਹਾਲ ਹੋਏ ਬੋਰਡ ਦੀ ਜ਼ਿੰਮੇਵਾਰੀ ਹੋਵੇਗੀ ਕਿ ਉਹ ਸੰਗਤ ਦੇ ਵਿਸ਼ਵਾਸ ਨੂੰ ਮਜ਼ਬੂਤ ਕਰਦਿਆਂ ਪ੍ਰਬੰਧਕੀ ਪਾਰਦਰਸ਼ਤਾ ਅਤੇ ਸੇਵਾ ਦੇ ਨਵੇਂ ਮਿਆਰ ਸਥਾਪਿਤ ਕਰੇ।

## ਸਰਦਾਰ ਪਟੇਲ ਨੇ ਦੇਸ਼.....

ਕੰਮ ਕਰ ਰਹੀ ਹੈ। ਹਾਲ ਹੀ ਦੇ ਸਮੇਂ ਵਿੱਚ, ਰਾਜ ਦੇ ਦੋ ਲੱਖ ਤੋਂ ਵੱਧ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਮਿਲੀਆਂ ਹਨ—ਅਤੇ ਇਹ ਸਭ ਪੂਰੀ ਤਰ੍ਹਾਂ ਯੋਗਤਾ (ਮੈਰਿਟ) ਦੇ ਆਧਾਰ 'ਤੇ ਹੋਇਆ ਹੈ, ਜਿਸ ਵਿੱਚ ਨਾ ਤਾਂ ਕੋਈ ਰਿਸ਼ਵਤ ਚੱਲੀ ਅਤੇ ਨਾ ਹੀ ਕਿਸੇ ਨਿੱਜੀ ਸਿਫ਼ਾਰਿਸ਼ ਦੀ ਲੋੜ ਪਈ। ਇਸ ਨਾਲ 'ਸਿਫ਼ਾਰਿਸ਼ੀ ਸੱਭਿਆਚਾਰ' (ਭਾਈ-ਭਤੀਜਾਵਾਦ) ਦਾ ਪੂਰੀ ਤਰ੍ਹਾਂ ਖ਼ਾਤਮਾ ਹੋ ਗਿਆ ਹੈ। ਇਹ ਸੁਸ਼ਾਸਨ ਬਾਰੇ ਸਰਦਾਰ ਪਟੇਲ ਦੇ ਦ੍ਰਿਸ਼ਟੀਕੋਣ ਦੀ ਅਸਲ ਭਾਵਨਾ ਨੂੰ ਦਰਸਾਉਂਦਾ ਹੈ। ਉਨ੍ਹਾਂ ਦੱਸਿਆ ਕਿ ਸਾਲ 2014 ਤੋਂ, ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਸਰਦਾਰ ਵੱਲਭ ਭਾਈ ਪਟੇਲ ਦੇ ਜਨਮ ਦਿਨ ਨੂੰ 'ਰਾਸ਼ਟਰੀ ਏਕਤਾ ਦਿਵਸ' ਵਜੋਂ ਮਨਾਉਣ ਦੀ ਪਰੰਪਰਾ ਸ਼ੁਰੂ ਕੀਤੀ ਹੈ। ਇਸ ਤੋਂ ਇਲਾਵਾ, ਦੁਨੀਆ ਦੀ ਸਭ ਤੋਂ ਉੱਚੀ ਮੂਰਤੀ—'ਸਟੈਚੂ ਆਫ਼ ਯੂਨਿਟੀ' (ਏਕਤਾ ਦੀ ਮੂਰਤੀ)—ਸਥਾਪਤ ਕਰਕੇ, ਪ੍ਰਧਾਨ ਮੰਤਰੀ ਨੇ ਸਰਦਾਰ ਪਟੇਲ ਨੂੰ ਇੱਕ ਢੁਕਵੀਂ ਸ਼ਰਧਾਂਜਲੀ ਭੇਟ ਕੀਤੀ ਹੈ। ਇਸ ਮੌਕੇ 'ਤੇ, ਮੁੱਖ ਸਕੱਤਰ ਸ੍ਰੀ ਅਨੁਰਾਗ ਰਸਤੋਗੀ ਨੇ ਸਮਾਗਮ ਵਿੱਚ ਸ਼ਾਮਲ ਹੋਣ ਲਈ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦਾ ਧੰਨਵਾਦ ਕੀਤਾ। ਆਜ਼ਾਦੀ ਦੇ ਸਮੇਂ, ਦੇਸ਼ ਕਈ ਰਿਆਸਤਾਂ ਵਿੱਚ ਵੰਡਿਆ ਹੋਇਆ ਸੀ; ਅਜਿਹੇ ਹਾਲਾਤਾਂ ਵਿੱਚ ਦੇਸ਼ ਨੂੰ ਇਕਜੁੱਟ ਰੱਖਣਾ ਅਤੇ ਇਸ ਦੇ ਪ੍ਰਸ਼ਾਸਨ ਨੂੰ ਸੰਭਾਲਣਾ ਇੱਕ ਬਹੁਤ ਵੱਡੀ ਚੁਣੌਤੀ ਸੀ। ਇਹ ਸਰਦਾਰ ਪਟੇਲ ਦੀ ਦ੍ਰਿੜਤਾ, ਸਮਰੱਥਾ ਅਤੇ ਕੁਸ਼ਲਤਾ ਹੀ ਸੀ ਜਿਸ ਸਦਕਾ ਉਹ ਦੇਸ਼ ਨੂੰ ਇਕਜੁੱਟ ਕਰਨ ਦੇ ਇਤਿਹਾਸਕ ਕਾਰਜ ਨੂੰ ਪੂਰਾ ਕਰਨ ਵਿੱਚ ਸਫਲ ਰਹੇ। ਇਸ ਮੌਕੇ 'ਤੇ ਵਧੀਕ ਮੁੱਖ ਸਕੱਤਰ ਸ੍ਰੀ ਸੁਧੀਰ ਰਾਜਪਾਲ, ਡਾ. ਸੁਮਿਤਾ ਮਿਸ਼ਰਾ ਅਤੇ ਹੋਰ ਅਧਿਕਾਰੀ ਤੇ ਕਰਮਚਾਰੀ ਵੀ ਮੌਜੂਦ ਸਨ।

# ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਸੁਖਬੀਰ ਬਾਦਲ ਨੇ ਵਪਾਰੀਆਂ ਅਤੇ ਉਦਯੋਗਪਤੀਆਂ ਨਾਲ ਮੁਲਾਕਾਤਾਂ ਕੀਤੀਆਂ



**ਪਟਿਆਲਾ, 31 ਅਕਤੂਬਰ (ਦੇਸ਼ ਪ੍ਰਦੇਸ਼ ਬਿਊਰੋ) :** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਐਲਾਨ ਕੀਤਾ ਹੈ ਕਿ ਜੇਕਰ ਪੰਜਾਬ ਵਿੱਚ ਅਕਾਲੀ ਦਲ ਦੀ ਸਰਕਾਰ ਬਣਦੀ ਹੈ, ਤਾਂ ਉਦਯੋਗਾਂ ਨੂੰ 5 ਰੁਪਏ ਪ੍ਰਤੀ ਯੂਨਿਟ ਦੇ ਭਾਅ 'ਤੇ ਬਿਜਲੀ ਮੁਹੱਈਆ ਕਰਵਾਈ ਜਾਵੇਗੀ। ਆਗਾਮੀ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ, ਉਨ੍ਹਾਂ ਨੇ ਪਟਿਆਲਾ ਵਿੱਚ ਵਪਾਰੀਆਂ ਅਤੇ ਉਦਯੋਗਪਤੀਆਂ ਨਾਲ ਮੁਲਾਕਾਤਾਂ ਕੀਤੀਆਂ। ਅਕਾਲੀ ਦਲ ਦੀ ਅਗਲੀ ਸਰਕਾਰ ਕਾਰੋਬਾਰੀਆਂ ਨੂੰ ਆਪਣੇ ਖੁਦ ਦੇ ਸੋਲਰ ਪਾਵਰ ਪਲਾਂਟ ਲਗਾਉਣ ਦੀ ਇਜਾਜ਼ਤ ਦੇਵੇਗੀ, ਜਿਸ ਨਾਲ ਬਿਜਲੀ ਦੀ ਲਾਗਤ ਘਟ ਕੇ 1.50 ਰੁਪਏ ਪ੍ਰਤੀ ਯੂਨਿਟ ਰਹਿ ਜਾਵੇਗੀ। ਇਸ ਤੋਂ ਇਲਾਵਾ, ਇੱਕ ਨਵਾਂ 'ਬਿਲਡ ਪੰਜਾਬ' ਵਿਭਾਗ ਸਥਾਪਤ ਕੀਤਾ ਜਾਵੇਗਾ।

**Criminal Courts, Ludhiana**

In the Court of MS. KAVITA GARG
Judicial Magistrate 1st Class Ludhiana
CNR NO. PBLD030501792024
COMA/45496/2024 Peshi-23-11-2026
PUBLICATION NOTICE FOR PROCLAMATION UNDER SECTION 82 CR.PC
VIJAY KUMAR V/S MOHINDER PAL
Complaint R/w sec- 138 of N.I ACT
NOTICE TO MOHINDER PAL S/O SH. SADHU RAM, R/O HOUSE NO. 11030, WARD NO. 6, STREET NO. 1, NEAR PETROL PUMP, MAIN ROAD, NEW SUBHASH NAGAR, LUDHIANA
Whereas it has been proved to the satisfaction of the Court that You, the accused above named cannot be served in the ordinary way of service. Hence, this proclamation under section 82 CRPC is hereby issued against you with a direction that you should appear personally before the court on 23-11-2026 AT 10.00 a.m. or within 30 days from the date of publication of this proclamation.
Take notice that, in default of your part to appear as directed above, the above said case will be heard and determined as per law, in your absence.
Given under my hand and the seal of the Court, this FOR DETAILS LOGIN TO https://highcourtchd.gov.in/?trs-district notice&district=ludhiana
Judicial Magistrate 1st Class, Ludhiana

**Courts Notice**

(U/o 5 Rule 20 CPC)
In the Court of Ms Khyati Goyal
Civil Judge (Junior Division), Rupnagar
DAYA SINGH
Vs
RAVINDERPREET SINGH
CNR NO. PBRO02-001910-2025
Next Date: 23-11-2026
PUBLICATION ISSUED TO:
1. RAVINDERPREET SINGH
FATHER:- DAYA SINGH
HOUSE N. 483, MORINDA, TEHSIL MORINDA, DISTRICT RUPNAGAR
2. DILJOT SINGHWIFE OF RAVINDERPREET SINGH
HOUSE N. 483, MORINDA, DISTRICT RUPNAGAR
In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 23-11-2026 at 10:00am
FOR DETAILS LOGIN TO https://highcourtchd.gov.in/?mod=district notice&district=Rupnagar
Civil Judge (Junior Division), Rupnagar
Dated, this day of 22-10-2026

**Courts Notice**

(U/o 5 Rule 20 CPC)
In the Court of Ms Nirmala Devi
Additional Civil Judge (Senior Division), Gurdaspur
IMPROVEMENT TRUST GURDASPUR
Vs
LAKHVIR SINGH
CNR NO. PBGD02-001306-2026
Next Date: 10-11-2026
PUBLICATION ISSUED TO:
LAKHVIR SINGH S/O PRITAM SINGH, CONTRACTOR R/O VILLAGE HARDOTHALA TEHSIL DASUYA, DISTT HOSHIARPUR, PUNJAB
In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 10-11-2026 at 10:00am
FOR DETAILS LOGIN TO https://highcourtchd.gov.in/?mod=district notice&district=Gurdaspur
Additional Civil Judge (Senior Division), Gurdaspur
Dated, this day of 23-10-2026

**ਡਿਵਾਇਨ ਇੰਪੈਕਸ ਲਿਮਿਟਡ**

ਕਾਰਪੋਰੇਟ ਦਫ਼ਤਰ: ਸੀ-157, ਪਹਲੀ ਮੰਜ਼ਿਲ, ਉਦਯੋਗਿਕ ਫੋਕਲ ਪੁਆਇੰਟ, ਫੇਜ਼ VII, ਮੋਹਾਲੀ, ਪੰਜਾਬ, 160059
30 ਸਤੰਬਰ, 2026 ਨੂੰ ਖ਼ਤਮ ਹਈ ਤਿਮਾਹੀ ਅਤੇ ਛੇਮਾਹੀ ਸਾਲ ਲਈ ਅਣਆਡਿਟ ਕੀਤੇ ਨਤੀਜਿਆਂ ਦਾ ਐਕਸਟਰੈਕਟ

| ਵੇਰਵਾ | ਤਿਮਾਹੀ ਸਮਾਪਤ 30-ਸਤੰਬਰ-2026 | ਤਿਮਾਹੀ ਸਮਾਪਤ 30-ਸਤੰਬਰ-2025 | ਸਾਲ ਸਮਾਪਤ 31-ਮਾਰਚ-2026 |
|---|---|---|---|
| | ਅਣਆਡਿਟ ਕੀਤਾ | ਅਣਆਡਿਟ ਕੀਤਾ | ਆਡਿਟ ਕੀਤਾ ਗਿਆ |
| ਕਾਰੋਬਾਰ ਤੋਂ ਕੁੱਲ ਆਮਦਨ (ਕੁੱਲ) | 23.03 | 37.31 | 170.17 |
| ਕੁੱਲ ਲਾਭ / (ਹਾਨੀ) ਸਮੇਂ ਲਈ (ਟੈਕਸ ਅਤੇ ਅਸਧਾਰਨ ਮੱਦਾਂ ਤੋਂ ਪਹਿਲਾਂ) | 1.32 | 3.67 | 4.02 |
| ਸਹਿਯੋਗੀ ਦੇ ਕੁੱਲ ਲਾਭ/(ਹਾਨੀ) ਦਾ ਹਿੱਸਾ | 0.00 | 0.00 | 0.00 |
| ਕੁੱਲ ਲਾਭ / (ਹਾਨੀ) ਸਮੇਂ ਲਈ ਟੈਕਸ ਤੋਂ ਪਹਿਲਾਂ (ਅਸਾਧਾਰਨ ਮੱਦਾਂ ਤੋਂ ਬਾਅਦ) | 1.32 | 3.67 | 4.02 |
| ਕੁੱਲ ਲਾਭ / (ਨੁਕਸਾਨ) ਸਮੇਂ ਲਈ ਟੈਕਸ ਤੋਂ ਬਾਅਦ | 1.02 | 3.01 | 3.10 |
| ਕੁੱਲ ਵਿਆਪਕ ਆਮਦਨ ਸਮੇਂ ਲਈ (ਸ਼ਾਮਲ ਲਾਭ/(ਹਾਨੀ) ਸਮੇਂ ਲਈ (ਟੈਕਸ ਤੋਂ ਬਾਅਦ) | 0.00 | 0.00 | 3.10 |
| ਭੁਗਤਾਨ ਕੀਤੀ ਸੁਨੇਹੀ ਸ਼ੇਅਰ ਪੂੰਜੀ (ਫੇਸ ਵੈਲਯੂ ਰੁ-10/- ਹਰੇਕ) | 953.22 | 953.22 | 953.22 |
| ਪ੍ਰਤੀ ਸ਼ੇਅਰ ਆਮਦਨ ਵਾਧੂ ਮੱਦਾਂ ਤੋਂ ਬਾਅਦ) (ਰੁ. 10/- ਹਰੇਕ) (ਸਲਾਨਾ ਨਹੀਂ ਸਾਲ ਖ਼ਤਮ 31.03.2026 ਨੂੰ ਛੱਡ ਕੇ) | | | |
| -ਬੇਸਿਕ (ਰੁਪਏ 'ਚ) | 0.01 | 0.03 | 0.03 |
| -ਡਾਇਲਿਊਟਿਡ (ਰੁਪਏ 'ਚ) | 0.01 | 0.03 | 0.03 |

ਨੋਟ :- 1 ਉਪਰੋਕਤ 30 ਸਤੰਬਰ, 2026 ਨੂੰ ਖਤਮ ਹੋਈ ਤਿਮਾਹੀ ਅਤੇ ਛੇਮਾਹੀ ਸਾਲ ਲਈ ਅਣ-ਆਡਿਟ ਕੀਤੇ ਵਿੱਤੀ ਨਤੀਜਿਆਂ ਦੇ ਵਿਸਤ੍ਰਿਤ ਫਾਰਮੈਟ ਦਾ ਇੱਕ ਅੰਸ਼ ਹੈ ਜੋ SEBI (ਸੂਚੀਕਰਨ ਅਤੇ ਹੋਰ ਖੁਲਾਸਾ ਲੋੜਾਂ) ਨਿਯਮ, 2015 ਦੇ ਨਿਯਮ 33 ਦੇ ਤਹਿਤ ਸਟਾਕ ਐਕਸਚੇਂਜਾਂ ਕੋਲ ਦਾਇਰ ਕੀਤਾ ਗਿਆ ਸੀ। ਉਪਰੋਕਤ ਅਣ-ਆਡਿਟ ਕੀਤੇ ਵਿੱਤੀ ਨਤੀਜਿਆਂ ਦਾ ਪੂਰਾ ਫਾਰਮੈਟ ਕੰਪਨੀ ਦੀ ਵੈੱਬਸਾਈਟ www.devineimp.in ਅਤੇ ਸਟਾਕ ਐਕਸਚੇਂਜ ਵੈੱਬਸਾਈਟ www.bseindia.com 'ਤੇ ਉਪਲਬਧ ਹੈ। 2. ਉਪਰੋਕਤ ਵਿੱਤੀ ਨਤੀਜਿਆਂ ਦੀ ਸਮੀਖਿਆ ਆਡਿਟ ਕਮੇਟੀ ਦੁਆਰਾ ਕੀਤੀ ਗਈ ਸੀ ਅਤੇ ਕੰਪਨੀ ਦੇ ਡਾਇਰੈਕਟਰ ਬੋਰਡ ਦੁਆਰਾ 31/10/2026 ਨੂੰ ਹੋਈ ਆਪਣੀ ਮੀਟਿੰਗ ਵਿੱਚ ਮਨਜ਼ੂਰੀ ਦਿੱਤੀ ਗਈ ਸੀ। 3. ਕੰਪਨੀ ਦਾ ਸਿਰਫ਼ ਇੱਕ ਹਿੱਸਾ ਹੈ ਅਤੇ ਇਸ ਲਈ ਕੋਈ ਵੱਖਰਾ ਹਿੱਸਾ ਨਹੀਂ ਦਿੱਤਾ ਗਿਆ ਹੈ। 4. ਪਿਛਲੇ ਸਮੇਂ / ਸਾਲ ਦੇ ਅੰਕੜਿਆਂ ਨੂੰ ਤੁਲਨਾਤਮਕ ਬਣਾਉਣ ਲਈ, ਜਿੱਥੇ ਵੀ ਜ਼ਰੂਰੀ ਹੋਵੇ, ਦੁਬਾਰਾ ਸਮੂਹਬੱਧ ਕੀਤਾ ਗਿਆ ਹੈ।

ਡਿਵਾਇਨ ਇੰਪੈਕਸ ਲਿਮਿਟਡ ਦੇ ਡਾਇਰੈਕਟਰ ਬੋਰਡ ਵਲੋਂ ਅਤੇ ਉਨ੍ਹਾਂ ਵਲੋਂ ਪ੍ਰਬੰਧ ਨਿਰਦੇਸ਼ਕ

ਸਥਾਨ: ਮੋਹਾਲੀ
ਮਿਤੀ: 31/10/2026

ਦੇਸ਼ ਪ੍ਰਦੇਸ਼ ਮੀਡੀਆ ਵੱਲੋਂ ਰਜੀਵ ਜੈਨ ਪ੍ਰਕਾਸ਼ਕ, CHANDIGARH OFFICE S.C.O 1136, SECTOR 22-B, CHANDIGARH ਅਤੇ MOHALI OFFICE ਪਲਾਟ ਨੰਬਰ 7-8, ਕਿਸ੍ਰਾ ਕੰਪਲੈਕਸ, ਐਸ.ਏ.ਐਸ ਨਗਰ (ਮੋਹਾਲੀ) 140301 ਤੋਂ ਪ੍ਰਕਾਸ਼ਿਤ ਕੀਤਾ। (ਪੀ.ਆਰ.ਬੀ ਐਕਟ ਤਹਿਤ ਖ਼ਬਰਾਂ ਦੇ ਚੋਣ ਲਈ ਜ਼ਿੰਮੇਵਾਰ) ਪ੍ਰਿੰਟਰ ... ਮੁੱਖ ਸੰਪਾਦਕ ਅਤੇ ਮਾਲਕ: ਸ਼ਸ਼ੀ ਪਾਲ ਜੈਨ, ਚੰਡੀਗੜ੍ਹ ਦਫ਼ਤਰ: ਐਸਸੀਓ 1136, ਸੈਕਟਰ 22-ਬੀ ਚੰਡੀਗੜ੍ਹ। ਖ਼ਬਰਾਂ ਦੀ ਜਵਾਬਦੇਹੀ ਪੱਤਰਕਾਰ ਦੀ ਹੋਵੇਗੀ। ਇਸ਼ਤਿਹਾਰਾਂ ਦੀ ਪਾਠਕ ਆਪ ਦੇਖਰੇਖ ਕਰਕੇ ਹੀ ਸਮਾਨ ਖਰੀਦਣ ... ਸਹਿਮਤ ਹੋਣਾ ਜ਼ਰੂਰੀ ਨਹੀਂ। ਕਿਸੇ ਵੀ ਵਿਵਾਦ ਵਿੱਚ ਖਰੜ ਦੀ ਅਦਾਲਤ ਹੀ ਮੰਨੀ ਜਾਵੇਗੀ।